# ਪ੍ਰਧਾਨ ਮੰਤਰੀ ਨੇ ਇਟਲੀ ਦੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ

ਅਪ੍ਰੈਲ 25, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਇਟਲੀ ਦੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਜਾਰਜੀਆ ਮੇਲੋਨੀ, ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

2. ਪ੍ਰਧਾਨ ਮੰਤਰੀ ਨੇ ਲਿਬਰੇਸ਼ਨ ਡੇ ਦੀ 79ਵੀਂ ਵਰ੍ਹੇਗੰਢ ਦੇ ਅਵਸਰ 'ਤੇ ਪ੍ਰਧਾਨ ਮੰਤਰੀ ਮੇਲੋਨੀ ਅਤੇ ਇਟਲੀ ਦੇ ਲੋਕਾਂ ਨੂੰ ਵਧਾਈਆਂ ਦਿੱਤੀਆਂ।

3. ਉਨ੍ਹਾਂ ਨੇ ਇਟਲੀ ਦੇ ਪੁਗਲੀਆ ਵਿੱਚ, ਜੂਨ 2024 ਵਿੱਚ, ਆਯੋਜਿਤ ਹੋਣ ਵਾਲੇ G7 ਸਿਖ਼ਰ ਸੰਮੇਲਨ ਦੇ ਆਉਟਰੀਚ ਸੈਸ਼ਨਾਂ ਵਿੱਚ ਸੱਦਾ ਦੇਣ ਵਾਸਤੇ, ਪ੍ਰਧਾਨ ਮੰਤਰੀ ਮੇਲੋਨੀ ਦਾ ਧੰਨਵਾਦ ਕੀਤਾ। ਨੇਤਾਵਾਂ ਨੇ ਇਟਲੀ ਦੀ ਪ੍ਰਧਾਨਗੀ ਹੇਠਾਂ G7 ਸਿਖਰ ਸੰਮੇਲਨ ਵਿੱਚ, ਭਾਰਤ ਦੀ G20 ਪ੍ਰਧਾਨਗੀ ਤੋਂ ਬਾਅਦ ਆਏ ਮਹੱਤਵਪੂਰਨ ਨਤੀਜਿਆਂ, ਖਾਸ ਤੌਰ 'ਤੇ ਜੋ ਗਲੋਬਲ ਸਾਊਥ ਦਾ ਸਮਰਥਨ ਕਰਦੇ ਹਨ, ਨੂੰ ਅੱਗੇ ਵਧਾਉਣ ਬਾਰੇ ਚਰਚਾ ਕੀਤੀ।

4. ਉਨ੍ਹਾਂ ਨੇ ਦੁਵੱਲੀ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਕਰਨਾ ਜਾਰੀ ਰੱਖਣ ਵਾਸਤੇ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

5. ਦੋਵੇਂ ਨੇਤਾਵਾਂ ਨੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ-ਪੱਧਰੀ ਵਿਕਾਸ 'ਤੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

**ਨਵੀਂ ਦਿੱਲੀ**
**ਅਪ੍ਰੈਲ 25, 2024**